ਦਫਤਰ ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਈਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 06.12.2016 ਨੂੰ ਦੁਪਹਿਰ 12.00 ਵਜੇ ਸ਼੍ਰੀ ਬਲਵੰਤ ਰਾਏ, 'ਨਾਥ' ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

| ਲੜੀ ਨੰ: | ਨਾਮ |
|---|---|
| 1. | ਸ਼੍ਰੀ ਬਲਵੰਤ ਰਾਏ 'ਨਾਥ'<br>ਮੇਅਰ |
| 2. | ਸ਼੍ਰੀ ਤਰਸੇਮ ਚੰਦ ਗੋਇਲ<br>ਸੀਨੀਅਰ ਡਿਪਟੀ ਮੇਅਰ |
| 3. | ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ<br>ਡਿਪਟੀ ਮੇਅਰ |
| 4. | ਸ਼੍ਰੀ ਹਰਮੰਦਰ ਸਿੰਘ, ਕੋਂਸਲਰ<br>ਮੈਂਬਰ ਐਫ.ਐਂਡ ਸੀ.ਸੀ. |
| 5. | ਸ਼੍ਰੀ ਨਿਰਮਲ ਸਿੰਘ ਸੰਧੂ, ਕੋਂਸਲਰ<br>ਮੈਂਬਰ ਐਫ.ਐਂਡ ਸੀ.ਸੀ. |
| 6. | ਸ਼੍ਰੀ ਅਨਿਲ ਕੁਮਾਰ ਗਰਗ, ਪੀ.ਸੀ.ਐਸ<br>ਕਮਿਸ਼ਨਰ, ਨਗਰ ਨਿਗਮ, ਬਠਿੰਡਾ। |

<table>
<tr><th>ਲੜੀ ਨੰ:</th><th>ਮਤਾ ਨੰ:</th><th><u>ਏਜੰਡਾ ਆਈਟਮ ਨੰ:</u></th><th>ਮਤਾ ਜੋ ਪਾਸ ਹੋਇਆ</th></tr>
<tr><td>1</td><td>174</td><td><u>ਏਜੰਡਾ ਨੰ: 1</u><br>ਮੀਟਿੰਗ ਮਿਤੀ 07.11.2016 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਮਿਤੀ 07.11.2016 ਦੀ ਕਾਰਵਾਈ ਦੀ ਪਕਿਆਈ ਤੋਂ ਪਹਿਲਾਂ ਮੀਟਿੰਗ ਮਿਤੀ 26.10.2016 ਦੇ ਮਤਾ ਨੰਬਰ 113 ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1</td><td>ਦੀ ਜੋਧਪੁਰ ਬਾਘਾ ਕੋ-ਅੱਪ ਐਲ.ਸੀ. ਸੋਸਾਇਟੀ</td><td>-5.70%</td><td>777975/-</td></tr>
<tr><td>2</td><td>ਦੀ ਬੰਘੇਰ ਚੜ੍ਹਤ ਸਿੰਘ ਕੋ-ਅੱਪ ਐਲ.ਸੀ. ਸੋਸਾਇਟੀ</td><td>-14.80%</td><td>702900/-</td></tr>
</table>
ਅਤੇ ਮਤਾ ਨੰਬਰ 138 ਮਿਤੀ 26.10.2016 ਵਿੱਚ ਦੀ ਫਰੈਂਡਜ਼ ਕੋ-ਅੱਪ ਸੋਸਾਇਟੀ ਦੀ ਬਜਾਏ ਦੀ ਬੰਘੇਰ ਚੜ੍ਹਤ ਸਿੰਘ ਕੋ-ਅੱਪ ਐਲ.ਸੀ. ਸੋਸਾਇਟੀ ਲਿਮ: ਦੇ ਨਾਮ ਦੀ ਸੋਧ ਕੀਤੀ ਜਾਂਦੀ ਹੈ। ਮੀਟਿੰਗ ਮਿਤੀ 07.11.2016 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2</td><td>175</td><td><u>ਏਜੰਡਾ ਨੰ: 2</u><br>ਰਿਪੋਰਟ ਵਰਕਸ ਸ਼ਾਖਾ ਕਿ ਪਰਚੇਜ਼ ਆਫ 1 ਨੰਬਰ ਹਾਈਡਰੋਲਿਕ ਟਰਾਲੀ ਦੇ ਮੁਬਲਿਗ 1.25 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 24.10.2016 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਤਿੰਨ ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1</td><td>ਸ਼੍ਰੀ ਸੀਤਾ ਰਾਮ ਠੇਕੇਦਾਰ</td><td>(-) 0.75%</td><td>124062/50</td></tr>
<tr><td>2.</td><td>ਸ਼੍ਰੀ ਜਗਜੀਤ ਸਿੰਘ ਢਿੱਲੋਂ, ਠੇਕੇਦਾਰ</td><td>(-) 1.80%</td><td>122750/-</td></tr>
<tr><td>3.</td><td>ਸ਼੍ਰੀ ਦਵਿੰਦਰ ਕੁਮਾਰ</td><td>(-) 2.25%</td><td>122187/50</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਸ਼੍ਰੀ ਦਵਿੰਦਰ ਕੁਮਾਰ ਠੇਕੇਦਾਰ ਦੇ ਰੇਟ ਸੱਭ ਤੋਂ ਘੱਟ ਹਨ। ਠੇਕੇਦਾਰ ਨੇ 1.25 ਲੱਖ ਰੁਪਏ ਦੇ ਮੁਕਾਬਲੇ 122187/50 ਰੁਪਏ ਦੀ ਮੰਗ ਕੀਤੀ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>3</td><td>176</td><td><u>ਏਜੰਡਾ ਨੰ: 3</u><br>ਰਿਪੋਰਟ ਵਰਕਸ ਸ਼ਾਖਾ ਕਿ EOI for Renovation of Public Toilet opposite General Bus Stand, Bathinda for 5 years against advertisement rights on its rooftop ਸਬੰਧੀ ਟੈਂਡਰ ਮਿਤੀ 25.11.2016 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਤਿੰਨ ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਰੇਟ</th><th>ਸ਼ਰਤਾਂ</th></tr>
</table></td><td></td></tr>
</table>

<table>
<tr>
<td></td>
<td></td>
<td>
<table>
<tr><td>1</td><td>ਮੈਸ: ਐਮ.ਐਂਡ ਯੂ ਐਡਵਰਟਾਇਜ਼ਰ</td><td>20833/- ਰੁਪਏ ਪ੍ਰਤੀ ਮਾਹ (2.50 ਲੱਖ ਰੁਪਏ ਸਲਾਨਾ)</td><td>ਜੋ ਕਿ ਮਾਹਵਾਰ ਬਰਾਬਰ ਅਦਾ ਕਰਨੀ ਹੋਵੇਗੀ।</td></tr>
<tr><td>2.</td><td>ਏ ਟੂ ਜੈਡ ਐਡਵਰਟਾਇਜ਼ਰ</td><td>15000/- ਰੁਪਏ ਪ੍ਰਤੀ ਮਾਹ (1.80 ਲੱਖ ਰੁਪਏ ਸਲਾਨਾ)</td><td></td></tr>
<tr><td>3.</td><td>ਕਨੱਹੀਆ ਐਡਵਰਟਾਇਜ਼ਰ</td><td>25000/- ਰੁਪਏ ਪ੍ਰਤੀ ਮਾਹ (3.00 ਲੱਖ ਰੁਪਏ ਸਲਾਨਾ) + ਸਰਵਿਸ ਟੈਕਸ</td><td></td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਕਨੱਹੀਆ ਐਡਵਰਟਾਇਜ਼ਰ ਦਾ ਰੇਟ ਸੱਭ ਤੋਂ ਵੱਧ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।</td>
</tr>
<tr>
<td>4</td>
<td>177</td>
<td><u>ਏਜੰਡਾ ਨੰ: 4</u><br>ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਵੱਲੋਂ ਆਪਣੇ ਮਤਾ ਨੰਬਰ 7 ਮਿਤੀ 27.05.2016 ਰਾਹੀਂ ਕਰਤਾਰ ਕਲੋਨੀ ਬਠਿੰਡਾ ਵਿਖੇ ਨਵਾਂ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਬਨਾਉਣ ਲਈ ਐਸ.ਟੀ.ਪੀ. ਲਈ ਰਾਖਵੀਂ 1700 ਵ: ਗੱਜ਼ ਜਗ੍ਹਾ ਵਿੱਚੋਂ ਹੈਲਥ ਸੈਂਟਰ ਲਈ 400 ਵ: ਗੱਜ਼ ਜਗ੍ਹਾ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਨੂੰ ਲੀਜ਼ ਤੇ ਦੇਣਾ ਪ੍ਰਵਾਨ ਕੀਤਾ ਹੋਇਆ ਹੈ। ਇਸ ਸਬੰਧ ਵਿੱਚ ਡਿਪਟੀ ਮੈਡੀਕਲ ਕਮਿਸ਼ਨਰ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਬਠਿੰਡਾ ਵੱਲੋਂ ਪੱਤਰ ਨੰਬਰ 2229 ਮਿਤੀ 30.11.2016 ਪ੍ਰਾਪਤ ਹੋਇਆ ਹੈ, ਜਿਸ ਵਿੱਚ ਉਹਨਾਂ ਵੱਲੋਂ ਇਹ ਜਗ੍ਹਾ 1/- ਰੁਪਏ ਲੀਜ਼ ਤੇ 50 ਸਾਲਾਂ ਦੇ ਸਮੇਂ ਲਈ ਰਜਿਸਟਰ ਕਰਾਉਣ ਲਈ ਲਿਖਿਆ ਗਿਆ ਹੈ। ਇਸ ਉਪਰੰਤ ਯੂ.ਪੀ.ਐਚ.ਸੀ. ਦੀ ਉਸਾਰੀ ਦਾ ਸਾਰਾ ਖਰਚਾ ਸਰਕਾਰ ਵੱਲੋਂ ਕੀਤਾ ਜਾਣਾ ਹੈ।<br>ਇਹ ਜਗ੍ਹਾ ਯੂ.ਪੀ.ਐਚ.ਸੀ ਲਈ ਕਿੰਨੇ ਸਮੇਂ, ਕਿੰਨੇ ਰੇਟ ਅਤੇ ਕਿੰਨੇ ਰੁਪਏ ਪ੍ਰਤੀ ਸਾਲ ਤੇ ਦਿੱਤੀ ਜਾਣੀ ਹੈ, ਉਪਰ ਵਿਚਾਰ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਵਿਚਾਰ ਹੋਇਆ ਕਿ 10 ਸਾਲ ਦੇ ਮੁੱਢਲੇ ਸਮੇਂ ਲਈ 400 ਵ: ਗੱਜ਼ ਜਗ੍ਹਾ 100/- ਰੁਪਏ ਸਲਾਨਾ ਲੀਜ਼ ਦੇ ਹਿਸਾਬ ਨਾਲ ਅਤੇ ਇਸ ਉਪਰੰਤ ਦੋਵੇਂ ਧਿਰਾਂ ਦੀ ਸਹਿਮਤੀ ਨਾਲ ਹਰ ਪੰਜ ਸਾਲ ਬਾਦ ਐਗਰੀਮੈਂਟ ਰਿਵਿਊ ਕਰਨ ਖਾਤਰ ਜਗ੍ਹਾ ਨੂੰ ਲੀਜ਼ ਤੇ ਦੇ ਦਿੱਤਾ ਜਾਵੇ। ਇਸਤੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਨਾਲ ਗੱਲਬਾਤ ਕਰਨ ਤੇ ਫੈਸਲਾ ਲਿਆ ਗਿਆ ਕਿ ਲੀਜ਼ 50 ਸਾਲਾਂ ਦੇ ਸਮੇਂ ਲਈ 400 ਵ: ਗੱਜ਼ ਜਗ੍ਹਾ 100/- ਰੁਪਏ ਸਲਾਨਾ ਲੀਜ਼ ਦੇ ਹਿਸਾਬ ਨਾਲ ਅਤੇ ਇਸ ਉਪਰੰਤ ਨਿਯਮਾਂ ਅਨੁਸਾਰ ਲੀਜ਼ ਦੀ ਮਿਆਦ ਵਿੱਚ ਵਾਧਾ ਕਰਨ ਲਈ ਕੇਸ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਖਾਤਰ ਰੱਖਿਆ ਜਾਵੇ।<br>ਮਜ਼ੀਦ ਪਾਸ ਕੀਤਾ ਗਿਆ ਕਿ<br>1. ਸੀਨੀਅਰ ਸਿਟੀਜ਼ਨ ਕੌਂਸਲ (ਰਜਿ:) ਬਠਿੰਡਾ ਦੀ ਦਰਖਾਸਤ ਦੇ ਮੱਦੇ ਨਜ਼ਰ ਕਰਤਾਰ ਕਲੋਨੀ ਬਠਿੰਡਾ ਵਿਖੇ ਐਸ.ਟੀ.ਪੀ. ਲਈ ਬਚਦੀ ਰਾਖਵੀਂ ਜਗ੍ਹਾ ਵਿਚੋਂ 400 ਵ: ਗਜ਼ ਜਗ੍ਹਾ ਵਿੱਚ ਨਗਰ ਨਿਗਮ ਵੱਲੋਂ ਆਪਣੇ ਖਰਚੇ ਤੇ ਮਿਉਂਸਪਲ ਸੀਨੀਅਰ ਸਿਟੀਜ਼ਨ ਹੋਮ ਬਨਾਉਣਾ ਪਾਸ ਕੀਤਾ ਜਾਂਦਾ ਹੈ। ਇਸ ਸਬੰਧੀ ਆਉਣ ਵਾਲੇ ਖਰਚੇ ਲਈ ਕੇਸ ਹਾਊਸ ਦੀ ਮੀਟਿੰਗ ਵਿੱਚ ਰੱਖਿਆ ਜਾਵੇ।<br>2. ਵਾਰਡ ਨੰਬਰ 49, ਜਨਤਾ ਨਗਰ ਵਿਖੇ ਭਗਵਾਨ ਵਾਲਮੀਕਿ ਧਰਮਸ਼ਾਲਾ ਦੇ ਪਹਿਲਾਂ ਪਾਸ ਹੋਏ ਤਖਮੀਨੇ ਦੀ ਰਕਮ ਦੇ ਨਾਲ-ਨਾਲ ਇਸ ਧਰਮਸ਼ਾਲਾ ਦੇ ਪੁਰਾਣੇ ਬਣੇ ਕਮਰਿਆਂ ਨੂੰ ਢਾਹ ਕੇ ਮਲਬਾ ਵੇਚਣ ਉਪਰੰਤ ਜੋ ਫੰਡਜ਼ ਪ੍ਰਾਪਤ ਹੋਣਗੇ, ਉਹਨਾਂ ਨਾਲ ਵੀ ਇਸ ਧਰਮਸ਼ਾਲਾ ਦਾ ਵਿਕਾਸ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।</td>
</tr>
<tr>
<td>5</td>
<td>178</td>
<td><u>ਏਜੰਡਾ ਨੰ: 5</u><br>ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ ਸਥਾਨਕ ਸਰਕਾਰ ਦੇ ਹੁਕਮ 5/111/2016-4PP4/506 ਮਿਤੀ 16.09.2016 ਰਾਹੀਂ ਸਰਕਾਰ ਪੱਧਰ ਤੇ ਫੈਸਲਾ ਲਿਆ ਗਿਆ ਹੈ ਕਿ ਨਗਰ ਨਿਗਮ ਵਿੱਚ ਲਗੀਆਂ ਹੋਈਆਂ ਰਵਾਈਤੀ ਸਟਰੀਟ ਲਾਈਟ ਦੀ ਜਗ੍ਹਾ ਤੇ L.E.D. ਸਟਰੀਟ ਲਾਈਟ ਲਗਾਈਆਂ</td>
<td></td>
</tr>
</table>

| | | | |
|---|---|---|---|
| | | ਜਾਣ ਅਤੇ ਇਹ ਸਟਰੀਟ ਲਾਈਟਾਂ ਭਾਰਤ ਸਰਕਾਰ ਦੀ ਪਬਲਿਕ ਸੈਕਟਰ ਅੰਡਰਟੇਕਿੰਗ M/s. EESL ਵੱਲੋਂ ਲਗਾਈਆਂ ਜਾਣਗੀਆਂ ਜੋ ਕਿ Ministry of Power ਭਾਰਤ ਸਰਕਾਰ ਅਧੀਨ ਕੰਮ ਕਰਦੀ ਹੈ। L.E.D. ਸਟਰੀਟ ਲਾਈਟ ਤੇ ਆਉਣ ਵਾਲਾ ਖਰਚਾ M/s. EESL ਕੰਪਨੀ ਵੱਲੋਂ ਕੀਤਾ ਜਾਵੇਗਾ ਅਤੇ 7 ਸਾਲ ਲਈ ਲਗਾਈ ਜਾਣ ਵਾਲੀ L.E.D. ਸਟਰੀਟ ਲਾਈਟ ਦੀ ਦੇਖਭਾਲ ਵੀ ਕੀਤੀ ਜਾਵੇਗੀ।<br>ਸਥਾਨਕ ਸਰਕਾਰ ਵੱਲੋਂ ਨਗਰ ਨਿਗਮ ਅਤੇ M/s. EESL ਕੰਪਨੀ ਨਾਲ ਇਸ ਕੰਮ ਲਈ ਇੱਕ ਮਿਆਰੀ ਇਕਰਾਰਨਾਮਾ ਹੋਣਾ ਹੈ। ਇਸ ਮਿਆਰੀ ਇਕਰਾਰਨਾਮੇ ਵਿੱਚ ਸ਼ਰਤਾਂ ਦਾ ਵਿਸਥਾਰਪੂਰਵਕ ਵੇਰਵਾ ਦਰਸਾਇਆ ਗਿਆ ਹੈ। ਜਿਸ ਤਹਿਤ ਨਗਰ ਨਿਗਮ M/s. EESL ਕੰਪਨੀ ਨੂੰ ਇਸ ਅਨੁਸਾਰ ਉਪਰੋਕਤ ਕੰਮ ਨੂੰ ਨੇਪਰੇ ਚਾੜ੍ਹਨਾ ਹੈ। L.E.D. ਸਟਰੀਟ ਲਾਈਟ ਲਗਾਉਣ ਤੋਂ ਪਹਿਲਾਂ ਨਗਰ ਨਿਗਮ ਅਤੇ ਹੋਰ ਬੁਨਿਆਦੀ ਢਾਂਚੇ ਦਾ ਨਿਰੀਖਣ ਕਰਨ ਅਤੇ ਇਸ ਉਪਰੰਤ ਬੁਨਿਆਦੀ ਢਾਂਚੇ ਉਪਰ ਲਾਉਣ ਵਾਲੇ ਖਰਚੇ ਦਾ ਅਨੁਮਾਨਤ ਲਾਗਤ ਦਾ ਜਾਇਜਾ ਲੈਣਗੇ। ਉਕਤ ਦੀ ਮੰਨਜ਼ੂਰੀ ਲਈ ਕੇਸ ਨਗਰ ਨਿਗਮ ਦੇ ਹਾਊਸ ਦੀ ਮੀਟਿੰਗ ਮਿਤੀ 21.09.2016 ਨੂੰ ਵਿਚਾਰਿਆ ਗਿਆ। ਵਿਚਾਰਣ ਉਪਰੰਤ ਉਪਰੋਕਤ ਤਜਵੀਜ ਹਾਊਸ ਦੇ ਮਤਾ ਨੰਬਰ 35 ਮਿਤੀ 21.09.2016 ਰਾਹੀਂ ਪ੍ਰਵਾਨ ਕਰ ਲਈ ਗਈ। ਇਸ ਉਪਰੰਤ M/s. EESL ਕੰਪਨੀ ਦੇ ਨੁਮਾਇੰਦਿਆਂ ਵੱਲੋਂ ਸ਼ਹਿਰ ਦੇ ਵੱਖ-ਵੱਖ ਮੁੱਹਲਿਆਂ ਵਿੱਚ ਜਾ ਕੇ ਮੋਜੂਦਾ ਸਟਰੀਟ ਲਾਈਟ ਇੰਨਫਰਾਸਟਰੱਕਚਰ ਸਬੰਧੀ ਸਰਵੇ ਕੀਤਾ ਗਿਆ ਹੈ, ਜਿਸਦੇ ਸਬੰਧ ਵਿੱਚ M/s. EESL ਕੰਪਨੀ ਵੱਲੋਂ ਉਹਨਾਂ ਦੇ ਪੱਤਰ ਨੰਬਰ EESL/2016-17/PT6/Punjab/6216 ਮਿਤੀ 10.11.2016 ਪ੍ਰਾਪਤ ਹੋਇਆ ਹੈ। ਜਿਸ ਤਹਿਤ ਉਹਨਾਂ ਸਰਵੇ ਦੀ ਰਿਪੋਰਟ ਬਾਰੇ ਜਾਣਕਾਰੀ ਦਿੱਤੀ ਹੈ। ਉਹਨਾਂ ਵੱਲੋਂ ਇਸ ਸਰਵੇ ਰਿਪੋਰਟ ਵਿੱਚ ਮੋਜੂਦਾ ਸਟਰੀਟ ਲਾਈਟ ਇੰਨਫਰਾਸਟਰੱਕਚਰ ਵਿੱਚ ਹੇਠ ਲਿਖੀਆਂ Observations ਲਗਾਈਆਂ ਗਈਆਂ ਹਨ:<br>1. No Pole Earthing.<br>2. Uneven spacing between pole to pole.<br>3. No proper spacing and tension in the Discon OH conductor.<br>4. Brackets of uneven tile angle and mounting height.<br>5. Condition of Switches.<br>ਇਹਨਾਂ ਦੇ Observations ਦੇ ਆਧਾਰ ਤੇ ਉਹਨਾਂ ਵੱਲੋਂ ਸ਼ਹਿਰ ਦੀ ਮੋਜੂਦਾ ਸਟਰੀਟ ਲਾਈਟ ਦੇ ਵਿਵਸਥਾ ਵਿੱਚ ਸੁਧਾਰ ਲਿਆਉਣ ਲਈ ਮੋਜੂਦਾ ਇੰਨਫਰਾਸਟਰੱਕਚਰ ਦੀ ਡਿਵੈਲਪਮੈਂਟ/ ਅਪਗਰੇਡੇਸ਼ਨ ਕਰਨ ਲਈ ਲਿਖਿਆ ਹੈ। ਸਰਵੇ ਦੇ ਆਧਾਰ ਤੇ ਇੰਨਫਰਾਸਟਰੱਕਚਰ ਨੂੰ ਡਿਵੈਲਪ ਕਰਨ ਵਾਸਤੇ ਇੰਨਫਰਾਸਟਰੱਕਚਰ ਡਿਵੈਲਪਮੈਂਟ ਕਾਸਟ ਦਾ ਅੰਦਾਜ਼ਨ 5.18 ਕਰੋੜ੍ਹ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ। ਇਸ ਅਨੁਮਾਨਤ ਲਾਗਤ ਬਾਰੇ ਕੋਈ ਡਿਟੇਲ ਨਾਲ ਨੱਥੀ ਨਹੀਂ ਹੈ।<br>ਇੱਥੇ ਇਹ ਵੀ ਧਿਆਨ ਵਿੱਚ ਲਿਆਉਣ ਯੋਗ ਹੋਵੇਗਾ ਕਿ ਮੋਜੂਦਾ ਸਟਰੀਟ ਲਾਈਟ ਇੰਨਫਰਾਸਟਰੱਕਚਰ ਦੀਆਂ ਕੁੱਝ ਕਮੀਆਂ ਨੂੰ ਦੂਰ ਕਰਨਾ ਜਰੂਰੀ ਹੈ। ਪਰ ਮੋਜੂਦਾ ਸਟਰੀਟ ਲਾਈਟ ਵਿਵਸਥਾ ਵਿੱਚ ਕੋਈ ਮੁੱਖ ਕਮੀ ਨਹੀਂ ਹੈ ਅਤੇ ਸਟਰੀਟ ਲਾਈਟ ਅਤੇ ਸ਼ਹਿਰ ਵਿੱਚ ਬੜੇ ਸੁਚਾਰੂ ਢੰਗ | **ਇਸ ਸਬੰਧੀ ਪਹਿਲਾਂ ਦਸਿਆ ਗਿਆ ਸੀ ਕਿ ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਐਲ.ਈ.ਡੀ. ਲਾਈਟਾਂ ਲਗਾਉਣ ਸਬੰਧੀ ਕੰਪਨੀ ਵੱਲੋਂ ਕੋਈ ਖਰਚਾ ਨਹੀਂ ਲਿਆ ਜਾਵੇਗਾ। ਜੋ ਵੀ ਖਰਚਾ ਹੋਵੇਗਾ, ਉਹ ਕੰਪਨੀ ਵੱਲੋਂ ਨਿਗਮ ਦੇ ਬਿਜਲੀ ਦੇ ਅਦਾ ਕੀਤੇ ਜਾ ਰਹੇ ਬਿਲਾਂ ਵਿੱਚੋਂ ਹੋਣ ਵਾਲੀ ਬਚਤ ਵਿੱਚੋਂ ਪੂਰਾ ਕਰ ਲਿਆ ਜਾਵੇਗਾ। ਪਰੰਤੂ ਹੁਣ M/s. EESL ਕੰਪਨੀ ਵੱਲੋਂ ਇੰਨਫਰਾਸਟਰੱਕਚਰ ਡਿਵੈਲਪਮੈਂਟ ਨੂੰ ਇੰਪਰੂਵ ਕਰਨ ਲਈ 5.18 ਕਰੋੜ੍ਹ ਰੁਪਏ ਦੀ ਮੰਗ ਕੀਤੀ ਜਾ ਰਹੀ ਹੈ। ਨਗਰ ਨਿਗਮ ਦੀ ਮਾਲੀ ਹਾਲਤ ਨੂੰ ਦੇਖਦੇ ਹੋਏ ਇਹ ਖਰਚਾ ਪ੍ਰਵਾਨ ਨਹੀਂ ਹੈ।** |

| | | | |
|---|---|---|---|
| | | ਨਾਲ ਚਲਾਈ ਜਾ ਰਹੀ ਹੈ। M/s. EESL ਕੰਪਨੀ ਵੱਲੋਂ ਇੰਨਫਰਾਸਟਰੱਕਚਰ ਡਿਵੈਲਪਮੈਂਟ ਨੂੰ ਇੰਪਰੂਵ ਕਰਨ ਲਈ ਜੋ 5.18 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਬਾਰੇ ਦਸਿਆ ਗਿਆ ਹੈ, ਇਹ ਤਰਕਸੰਗਤ ਨਹੀਂ ਹੈ। ਰਿਪੋਰਟ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | |
| | | **ਇਸ ਉਪਰੰਤ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:** | |
| 1 | 179 | **ਏਜੰਡਾ ਨੰ: 1**<br>ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਸਿਵਲ ਸਟੇਸ਼ਨ ਏਰੀਏ ਵਿੱਚ ਤਿੰਨ ਚੋਕਾਂ ਅਤੇ ਚਿਲਡਰਨ ਪਾਰਕ ਦੀ ਸਾਂਭ ਸੰਭਾਲ ਦਾ ਕੰਮ ਮਸ਼ਹੂਰੀ ਕਰਨ ਦੇ ਇਵਜ਼ ਵਿੱਚ ਠੇਕੇ ਤੇ ਦਿੱਤਾ ਗਿਆ ਸੀ। ਇਸ ਕੰਮ ਦੇ ਪੁਰਾਣੇ ਐਗਰੀਮੈਂਟ ਦੀ ਮਿਤੀ 31.10.2016 ਤੱਕ ਸੀ। ਵਿੱਤੀ ਨੁਕਸਾਨ ਤੋਂ ਬਚਣ ਲਈ ਇਸ ਕੰਮ ਦੇ ਐਗਰੀਮੈਂਟ ਵਿੱਚ ਹੇਠ ਲਿਖੀਆਂ ਸ਼ਰਤਾਂ ਤੇ ਵਾਧਾ ਕੀਤਾ ਗਿਆ ਸੀ।<br>1. ਠੇਕੇਦਾਰ ਪਹਿਲਾਂ ਦੀ ਤਰ੍ਹਾਂ ਹੀ ਰਾਊਂਡ ਅਬਾਉਟ ਅਤੇ ਚਿਲਡਰਨ ਪਾਰਕ ਦੀ ਸਾਂਭ-ਸੰਭਾਲ ਕਰੇਗਾ।<br>2. ਠੇਕੇਦਾਰ 60,000/- ਰੁਪਏ ਪ੍ਰਤੀ ਮਹੀਨਾ ਬਤੌਰ ਪਾਰਟ ਪੈਮੇਂਟ ਨਗਰ ਨਿਗਮ ਵਿੱਚ ਜਮਾਂ ਕਰਵਾਏਗਾ।<br>3. ਠੇਕੇਦਾਰ ਇੱਕ ਲੱਖ ਰੁਪਏ ਬਤੌਰ ਸਕਿਊਰਟੀ ਨਗਰ ਨਿਗਮ ਵਿੱਚ ਜਮਾਂ ਕਰਵਾਏਗਾ।<br>4. ਇਸ ਕੰਮ ਲਈ ਜੋ ਨਵੇਂ ਰੇਟ ਪ੍ਰਾਪਤ ਹੋਣਗੇ, ਠੇਕੇਦਾਰ ਉਸ ਅਨੁਸਾਰ ਰਕਮ ਜਮਾਂ ਕਰਵਾਉਣ ਦਾ ਪਾਬੰਦ ਹੋਵੇਗਾ।<br>ਇਹ ਵਾਧਾ ਨਵਾਂ ਰੇਟ ਹੋਣ ਦੀ ਮਿਤੀ ਤੱਕ ਕੀਤਾ ਗਿਆ ਸੀ।<br>ਹੁਣ ਮਧੂ ਬਾਂਸਲ, ਵਾਸੀ ਗਲੀ ਨੰਬਰ 6, ਨਵੀਂ ਬਸਤੀ ਵੱਲੋਂ ਪ੍ਰਤੀ ਬੇਨਤੀ ਪ੍ਰਾਪਤ ਹੋਈ ਹੈ ਕਿ ਇਹ ਟੈਂਡਰ ਉਸਨੂੰ 1,20,000/- ਰੁਪਏ ਪ੍ਰਤੀ ਮਹੀਨਾ ਤੇ ਦੇ ਦਿੱਤਾ ਜਾਵੇ। ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪਾਸ ਕੀਤਾ ਗਿਆ ਕਿ ਐਫ.ਐਂਡ ਸੀ.ਸੀ. ਦੇ ਮੈਂਬਰਾਂ ਦੀ ਹਾਜ਼ਰੀ ਵਿੱਚ ਮਿਤੀ 16.12.2016 ਨੂੰ ਬਾਅਦ ਦੁਪਹਿਰ 3.00 ਵਜੇ ਖੁੱਲੀ ਬੋਲੀ ਰਾਹੀਂ ਬੋਲੀ ਕਰਵਾਈ ਜਾਵੇ। ਪ੍ਰਾਪਤ ਹੋਏ ਰੇਟਾਂ ਤੇ ਵਿਚਾਰ ਕਰਨ ਲਈ ਕੇਸ ਦੁਬਾਰਾ ਐਫ.ਐਂਡ ਸੀ.ਸੀ. ਦੀ ਮੀਟਿੰਗ ਵਿੱਚ ਰੱਖਿਆ ਜਾਵੇ।** |
| 2 | 180 | **ਏਜੰਡਾ ਨੰ: 2**<br>ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਦਾ ਐਡਵਰਟਾਇਜ਼ਮੈਂਟ ਆਉਟਡੋਰ ਮੀਡਿਆ ਠੇਕੇ ਤੇ ਦੇਣ ਲਈ ਸਿੰਗਲ ਟੈਂਡਰ ਕਾਲ ਕੀਤਾ ਗਿਆ, ਪਰੰਤੂ ਬਾਈਲਾਜ਼ ਅਡਾਪਟ ਨਾ ਹੋਣ ਕਾਰਨ ਅਤੇ ਠੇਕੇਦਾਰ ਦੁਆਰਾ ਯਕਮੁਸ਼ਤ ਰੇਟ ਪਾਉਣ ਕਾਰਨ ਐਫ.ਐਂਡ ਸੀ.ਸੀ. ਵੱਲੋਂ ਇਹ ਟੈਂਡਰ ਰੱਦ ਕਰ ਦਿੱਤਾ ਗਿਆ ਸੀ। ਇਸਤੋਂ ਬਾਅਦ ਨਗਰ ਨਿਗਮ ਵੱਲੋਂ ਐਡਵਰਟਾਇਜ਼ਮੈਂਟ ਬਾਈਲਾਜ਼ ਨੋਟੀਫਾਈ ਕਰਵਾਉਣ ਉਪਰੰਤ ਫਿਰ ਆਉਟਡੋਰ ਮੀਡਿਆ ਦੇ ਟੈਂਡਰ ਮੰਗੇ ਗਏ ਸਨ। ਫਸਟ ਟਾਈਮ ਮੰਗਣ ਤੇ ਰਿਜ਼ਰਵ ਕੀਮਤ ਨਾਲੋਂ ਰੇਟ ਬਹੁਤ ਜਿਆਦਾ ਘੱਟ ਹੋਣ ਕਾਰਨ ਟੈਂਡਰ ਰੱਦ ਕਰ ਦਿੱਤਾ ਗਿਆ ਸੀ। ਇਸਤੋਂ ਬਾਅਦ ਦੋ ਵਾਰ ਟੈਂਡਰ ਕਾਲ ਕੀਤੇ ਗਏ, ਪਰੰਤੂ ਕਿਸੇ ਵੀ ਠੇਕੇਦਾਰ ਵੱਲੋਂ ਟੈਂਡਰ ਨਹੀਂ ਪਾਇਆ ਗਿਆ। ਹੁਣ ਫਿਰ ਇਹ ਟੈਂਡਰ ਕਾਲ ਕੀਤੇ ਜਾਣੇ ਹਨ।<br>1. ਕੀ ਸਿੰਗਲ ਟੈਂਡਰ ਹੀ ਕਾਲ ਕੀਤਾ ਜਾਵੇ?<br>2. ਕੀ ਮੀਡਿਆ ਦੇ ਗਰੁੱਪ ਬਣਾ ਕੇ ਈ-ਟੈਂਡਰਿੰਗ ਕਰਵਾਈ ਜਾਵੇ? ਜਾਂ | **ਪਾਸ ਕੀਤਾ ਗਿਆ ਕਿ ਐਫ.ਐਂਡ ਸੀ.ਸੀ. ਦੇ ਮੈਂਬਰਾਂ ਦੀ ਹਾਜ਼ਰੀ ਵਿੱਚ ਰਿਪੋਰਟ ਮੁਤਾਬਿਕ ਲੜੀ ਨੰਬਰ 3 ਅਨੁਸਾਰ ਗਰੁੱਪ ਬਣਾ ਕੇ ਮਿਤੀ 16.12.2016 ਨੂੰ ਬਾਅਦ ਦੁਪਹਿਰ 3.00** |

| | | | |
|---|---|---|---|
| | | 3. ਇਹ ਕੀ ਮੀਡਿਆ ਦੇ ਗਰੁੱਪ ਬਣਾ ਕੇ ਖੁੱਲੀ ਬੋਲੀ ਕਰਵਾਈ ਜਾਵੇ?<br>ਉਕਤ ਤੇ ਵਿਚਾਰ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਵਜੇ ਖੁੱਲੀ ਬੋਲੀ ਰਾਹੀਂ ਬੋਲੀ ਕਰਵਾਈ ਜਾਵੇ। ਪ੍ਰਾਪਤ ਹੋਏ ਰੇਟਾਂ ਤੇ ਵਿਚਾਰ ਕਰਨ ਲਈ ਕੇਸ ਦੁਬਾਰਾ ਐਫ.ਐਂਡ ਸੀ.ਸੀ. ਦੀ ਮੀਟਿੰਗ ਵਿੱਚ ਰੱਖਿਆ ਜਾਵੇ।** |

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**